# Virtual Meeting between External Affairs Minister and Foreign Minister of Spain

December 23, 2020

…………………………………………………………………………………………………………..

## ਵਿਦੇਸ਼ ਮੰਤਰੀ ਅਤੇ ਸਪੇਨ ਦੇ ਵਿਦੇਸ਼ ਮੰਤਰੀ ਦਰਮਿਆਨ ਹੋਈ ਵਰਚੁਅਲ ਬੈਠਕ

23 ਦਸੰਬਰ, 2020

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ 23 ਦਸੰਬਰ, 2020 ਨੂੰ ਆਪਣੀ ਸਪੇਨੀ ਹਮਰੁਤਬਾ, ਸਪੇਨ ਦੀ ਵਿਦੇਸ਼ੀ, ਯੂਰਪੀ ਸੰਘ ਅਤੇ ਸਹਿਕਾਰਤਾ ਮੰਤਰੀ ਸ਼੍ਰੀਮਤੀ ਅਰਾਂਚਾ ਗੋਂਜ਼ਾਲੇਜ਼ ਲਾਇਆ ਨਾਲ ਵਰਚੁਅਲ ਮਾਧਿਅਮ ਰਾਹੀਂ ਮੁਲਾਕਾਤ ਕੀਤੀ।

ਦੋਨਾਂ ਆਗੂਆਂ ਨੇ COVID -19 ਮਹਾਂਮਾਰੀ ਦੌਰਾਨ ਦੋਵਾਂ ਦੇਸ਼ਾਂ ਦਰਮਿਆਨ ਵਾਪਰੇ ਵਿਆਪਕ ਸਹਿਯੋਗ ਅਤੇ COVID ਤੋਂ ਬਾਅਦ ਦੇ ਪਰਿਪੇਖ ਅੰਦਰ ਸਹਿਯੋਗ ਦੀਆਂ ਸੰਭਾਵਨਾਵਾਂ ਸਮੇਤ ਵਿਸਥਾਰ ਨਾਲ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ।

ਦੋਨਾਂ ਮੰਤਰੀਆਂ ਨੇ ਹਾਲੀਆ ਸਮੇਂ ਵਿੱਚ ਦੁਵੱਲੇ ਸਬੰਧਾਂ ਅੰਦਰ ਆਈ ਰਫਤਾਰ ਦੀ ਸ਼ਲਾਘਾ ਕੀਤੀ ਅਤੇ ਖ਼ਾਸਕਰ ਗਤੀਸ਼ੀਲਤਾ, ਰੱਖਿਆ ਸਹਿਯੋਗ ਅਤੇ ਊਰਜਾ ਸਹਿਯੋਗ ਵਰਗੇ ਨਵੇਂ ਖੇਤਰਾਂ ਵਿੱਚ ਇਸ ਰਫਤਾਰ ਨੂੰ ਕਾਇਮ ਰੱਖਣ 'ਤੇ ਸਹਿਮਤੀ ਪ੍ਰਗਟ ਕੀਤੀ।

ਦੋਨਾਂ ਆਗੂਆਂ ਨੇ ਭਾਰਤ - ਯੂਰਪੀ ਸੰਘ ਦੇ ਸਬੰਧਾਂ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ ਅਤੇ ਮਈ, 2021 ਵਿਚ ਪੁਰਤਗਾਲ ਵਿੱਚ ਹੋਣ ਜਾ ਰਹੇ ਭਾਰਤ-ਯੂਰਪੀ ਲੀਡਰ ਸਿਖਰ ਸੰਮੇਲਨ ਦੇ ਪ੍ਰਸੰਗ ਵਿਚ ਨੇੜਤਾ ਨਾਲ ਕੰਮ ਕਰਨ ਉੱਤੇ ਸਹਿਮਤੀ ਪ੍ਰਗਟਾਈ। ਉਨ੍ਹਾਂ ਨੇ ਸੁਧਰੇ ਬਹੁ-ਪੱਖਵਾਦ ਪ੍ਰਤੀ ਆਪਣੀ ਵਚਨਬੱਧਤਾ ਦੀ ਤਸਦੀਕ ਕੀਤੀ ਅਤੇ ਖੇਤਰੀ ਅਤੇ ਆਲਮੀ ਮੁੱਦਿਆਂ ’ਤੇ ਨੇੜਲਾ ਸੰਪਰਕ ਅਤੇ ਤਾਲਮੇਲ ਬਣਾਈ ਰੱਖਣ 'ਤੇ, ਖਾਸਕਰ 2021 ਤੋਂ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਸ਼ੁਰੂ ਹੋ ਰਹੇ ਭਾਰਤ ਦੇ ਕਾਰਜਕਾਲ ਦੇ ਖਾਸ ਸੰਦਰਭ ਵਿੱਚ, ਸਹਿਮਤੀ ਦਿੱਤੀ।

ਨਵੀਂ ਦਿਲੀ

23 ਦਸੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.